# ਵਿਦੇਸ਼ ਮੰਤਰੀ ਦੁਆਰਾ ਦੱਖਣੀ ਅਫਰੀਕਾ ਦੇ ਗਣਰਾਜ ਅਤੇ ਨਾਮੀਬੀਆ ਗਣਰਾਜ ਦਾ ਦੌਰਾ (01-06 ਜੂਨ, 2023)

31 ਮਈ, 2023

ਵਿਦੇਸ਼ ਮੰਤਰੀ, ਡਾ. ਐਸ. ਜੈਸ਼ੰਕਰ (ਈਏਐਮ) 01-06 ਜੂਨ 2023 ਤੱਕ ਦੱਖਣੀ ਅਫ਼ਰੀਕਾ ਗਣਰਾਜ ਅਤੇ ਨਾਮੀਬੀਆ ਗਣਰਾਜ ਦੇ ਸਰਕਾਰੀ ਦੌਰੇ 'ਤੇ ਹੋਣਗੇ।

2. ਵਿਦੇਸ਼ ਮੰਤਰੀ ਕੇਪਟਾਊਨ ਵਿੱਚ ਹੋਣ ਵਾਲੀ ਬ੍ਰਿਕਸ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ 01-03 ਜੂਨ 2023 ਤੱਕ ਦੱਖਣੀ ਅਫ਼ਰੀਕਾ ਦਾ ਦੌਰਾ ਕਰਨਗੇ। ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਇਲਾਵਾ ਉਹ ਆਪਣੀ ਦੱਖਣੀ ਅਫ਼ਰੀਕੀ ਹਮਰੁਤਬਾ ਸ੍ਰੀਮਤੀ ਨਲੇਡੀ ਪੰਡੋਰ ਨਾਲ ਦੁਵੱਲੀ ਮੀਟਿੰਗ ਵੀ ਕਰਨਗੇ। ਉਹ ਦੱਖਣੀ ਅਫ਼ਰੀਕੀ ਰਾਸ਼ਟਰਪਤੀ ਨਾਲ ਮੁਲਾਕਾਤ ਕਰਨਗੇ ਅਤੇ ਇਸ ਤੋਂ ਇਲਾਵਾ ਉਹਨਾਂ ਦੇ ਹੋਰ ਬ੍ਰਿਕਸ ਵਿਦੇਸ਼ ਮੰਤਰੀਆਂ ਅਤੇ ਦੂਜੇ ਦੇਸ਼ਾਂ ਦੇ 'ਫ੍ਰੈਂਡਜ਼ ਆਫ਼ ਬ੍ਰਿਕਸ' ਮੰਤਰੀਆਂ ਨਾਲ ਦੁਵੱਲੀਆਂ ਮੀਟਿੰਗਾਂ ਕਰਨ ਦੀ ਵੀ ਉਮੀਦ ਹੈ। ਉਹ ਕੇਪਟਾਊਨ ਵਿੱਚ ਭਾਰਤੀ ਡਾਇਸਪੋਰਾ ਨਾਲ ਵੀ ਗੱਲਬਾਤ ਕਰਨਗੇ।

3. ਵਿਦੇਸ਼ ਮੰਤਰੀ ਇਸ ਤੋਂ ਬਾਅਦ 04-06 ਜੂਨ 2023 ਤੱਕ ਨਾਮੀਬੀਆ ਦਾ ਦੌਰਾ ਕਰਨਗੇ। ਭਾਰਤ ਦੇ ਕਿਸੇ ਵਿਦੇਸ਼ ਮੰਤਰੀ ਦੀ ਨਾਮੀਬੀਆ ਗਣਰਾਜ ਦੀ ਇਹ ਪਹਿਲੀ ਫੇਰੀ ਹੋਵੇਗੀ। ਦੌਰੇ ਦੌਰਾਨ ਵਿਦੇਸ਼ ਮੰਤਰੀ ਦੇਸ਼ ਦੀ ਉੱਚ ਲੀਡਰਸ਼ਿਪ ਤੋਂ ਇਲਾਵਾ ਸਰਕਾਰ ਦੇ ਹੋਰ ਮੰਤਰੀਆਂ ਨਾਲ ਵੀ ਮੁਲਾਕਾਤ ਕਰਨਗੇ। ਵਿਦੇਸ਼ ਮੰਤਰੀ, ਨਾਮੀਬੀਆ ਦੇ ਉਪ ਪ੍ਰਧਾਨ ਮੰਤਰੀ/ਵਿਦੇਸ਼ ਮੰਤਰੀ, ਸ਼੍ਰੀਮਤੀ ਨੇਤੁੰਬੋ ਨੰਦੀ-ਨਦੈਤਵਾਹ ਨਾਲ ਸੰਯੁਕਤ ਕਮਿਸ਼ਨ ਦੀ ਮੀਟਿੰਗ ਦੇ ਉਦਘਾਟਨੀ ਸੈਸ਼ਨ ਦੀ ਸਹਿ-ਪ੍ਰਧਾਨਗੀ ਵੀ ਕਰਨਗੇ। ਉਹ ਨਾਮੀਬੀਆ ਸਥਿਤ ਭਾਰਤੀ ਡਾਇਸਪੋਰਾ ਨਾਲ ਵੀ ਗੱਲਬਾਤ ਕਰਨਗੇ।

4. ਵਿਦੇਸ਼ ਮੰਤਰੀ ਦੀ ਦੱਖਣੀ ਅਫਰੀਕਾ ਅਤੇ ਨਾਮੀਬੀਆ ਦੀ ਇਸ ਯਾਤਰਾ ਤੋਂ ਭਾਰਤ ਦੇ ਇਨ੍ਹਾਂ ਦੋਵਾਂ ਦੇਸ਼ਾਂ ਨਾਲ ਮਜ਼ਬੂਤ ਦੁਵੱਲੇ ਸਬੰਧਾਂ ਨੂੰ ਹੋਰ ਬਲ ਮਿਲਣ ਦੀ ਉਮੀਦ ਹੈ।

**ਨਵੀਂ ਦਿੱਲੀ**

**31 ਮਈ, 2023**